# ਦੇਸ਼ ਦਾ ਮਹਾਨ ਸਪੂਤ (ਸ਼ਹੀਦ ਭਗਤ ਸਿੰਘ)

ਭਾਰਤ ਦੇ ਮਹਾਨ ਸਪੂਤ ਭਗਤ ਸਿੰਘ ਦਾ ਜਨਮ 27 ਸਤੰਬਰ 1907 ਨੂੰ ਪਿੰਡ ਬੰਗਾ ਜ਼ਿਲਾ ਲਾਇਲਪੁਰ (ਪਾਕਿਸਤਾਨ) ਵਿੱਚ ਹੋਇਆਂ। ਆਪ ਦੇ ਪਿਤਾ ਦਾ ਨਾਂ ਕਿਸ਼ਨ ਸਿੰਘ ਅਤੇ ਮਾਤਾ ਦਾ ਨਾਂ ਵਿੱਦਿਆਵਤੀ ਸੀ।

ਭਗਤ ਸਿੰਘ ਪੜ੍ਹਾਈ ਵਿੱਚ ਕਾਫੀ ਹੁਸ਼ਿਆਰ ਸੀ ਅਤੇ ਆਪਣੀ ਉਮਰ ਤੋਂ ਜ਼ਿਆਦਾ ਸਿਆਣਾ ਬਹਾਦਰ ਨਿਡਰ ਤੇ ਦ੍ਰਿੜ ਇਰਾਦੇ ਦਾ ਮਾਲਕ ਸੀ। 13 ਅਪ੍ਰੈਲ 1914 ਨੂੰ ਜਲਿਆਂ ਵਾਲੇ ਬਾਗ ਦਾ ਦੁਖਾਂਤਕ ਕਾਂਡ ਵਾਪਰ ਗਿਆ ਅਤੇ ਉੱਥੇ ਵਿਸਾਖੀ ਮਨਾ ਰਹੇ ਪੰਜਾਬੀਆਂ ਤੇ ਮਾਇਕਲ-ਓ-ਡਾਇਰ ਨੇ ਗੋਲੀਆਂ ਚਲਵਾਈਆਂ ਤੇ ਖੂਨ ਦੀ ਹੋਲੀ ਖੇਡੀ।

ਭਗਤ ਸਿੰਘ ਨੇ ਜਲਿਆਂ ਵਾਲੇ ਬਾਗ ਦੀ ਘਟਨਾ ਤੋਂ ਬਾਅਦ ਬਦਲਾ ਲੈਣ ਦਾ ਮਨ ਬਣਾ ਲਿਆ ਇਸ ਲਈ ਭਗਤ ਸਿੰਘ ਤੇ ਬੀ.ਕੇ. ਦੱਤ ਨੇ ਅਸੈਂਬਲੀ ਹਾਲ ਵਿੱਚ ਦਾਖਲ ਹੋ ਗਏ ਅਤੇ ਉਨ੍ਹਾਂ ਨੇ ਬੰਬ ਸੁੱਟ ਕੇ ਧਮਾਕੇ ਕਰ ਦਿੱਤੇ ਲੋਕ ਘਬਰਾਂ ਗਏ ਅਤੇ ਉੱਥੋਂ ਭੱਜ ਤੁਰੇ।

ਬੰਬ ਸੁੱਟਣ ਮਗਰੋਂ ਭਗਤ ਸਿੰਘ ਤੇ ਬੀ.ਕੇ. ਦੱਤ ਖੜੇ ਰਹੇ ਤੇ ਉਨ੍ਹਾਂ ਦੇ ਚਿਹਿਰਆਂ ਤੇ ਕੋਈ ਵੀ ਉਦਾਸੀ ਨਹੀਂ ਸੀ। ਉਨਾਂ ਨੇ ਆਪਣੀ ਗ੍ਰਿਫ਼ਤਾਰੀ ਪੁਲਿਸ ਨੂੰ ਹੱਸਦਿਆਂ ਹੋਇਆ ਦਿੱਤੀ।

ਆਖਿਰ 23 ਮਾਰਚ 1931 ਨੂੰ ਤਿੰਨ ਦੇਸ਼ ਭਗਤ ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਨੂੰ ਫਾਂਸੀ ਦੇ ਤਖ਼ਤੇ ਤੇ ਚੜ੍ਹਾ ਦਿੱਤਾ ਗਿਆ ਅਤੇ ਉਨ੍ਹਾਂ ਦਾ ਅੰਤਿਮ  ਸੰਸਕਾਰ ਫਿਰੋਜ਼ਪੁਰ (ਪੰਜਾਬ) ਵਿਖੇ ਸਤਲੁਜ ਦਰਿਆ ਦੇ ਕੰਢੇ ਕਰ ਦਿੱਤਾ ਗਿਆ।